ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ

(Email ID- adsadpi@gmail.com)

(ਅਮਲਾ-2 ਸ਼ਾਖਾ)

ਹੁਕਮ ਨੰ: DPISE-EST20FINC/8/2020-ESTABLISHMENT-2-DPISE

ਮਿਤੀ: ਐਸ.ਏ.ਐਸ ਨਗਰ - 19.04.2021

ਸ੍ਰੀਮਤੀ ਸੁਮਨ ਰਾਣੀ, ਹਿੰਦੀ ਮਿਸਟ੍ਰੈਸ, ਸਰਕਾਰੀ ਹਾਈ ਸਕੂਲ ਕੋਟਲੀ, ਜਿਲ੍ਹਾ ਮਾਨਸਾ, ਨੇ ਆਪਣੇ ਤੋਂ ਜੂਨੀਅਰ ਕਰਮਚਾਰੀ ਸ੍ਰੀ ਰਘਵਿੰਦਰ ਭਾਟੀਆ, ਡੀ.ਪੀ.ਈ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਗ) ਤੇਗਪੁਰ, ਜਿਲ੍ਹਾ ਜਲੰਧਰ ਨਾਲ ਤਨਖਾਹ ਦੀ ਤੁਲਨਾ ਕਰਕੇ ਉਸਦੇ ਬਰਾਬਰ ਕਰਨ ਦੀ ਮੰਗ ਕੀਤੀ ਹੈ।

2. ਬਿਨੈਕਾਰ ਸੁਮਨ ਰਾਣੀ ਦਾ ਕਲੇਮ ਹੈ ਕਿ ਉਸ ਦੀ ਨਿਯੁਕਤੀ ਸਿੱਧੀ ਭਰਤੀ ਰਾਹੀਂ ਸਾਲ 2006 ਵਿੱਚ ਹੋਈ ਸੀ ਜਦਕਿ ਜੂਨੀਅਰ ਕਰਮਚਾਰੀ ਸ੍ਰੀ ਰਘਵਿੰਦਰ ਭਾਟੀਆ ਡੀ.ਪੀ.ਈ. ਦੀ ਨਿਯੁਕਤੀ ਸਾਲ 2008 ਵਿੱਚ (ਤਰਸ ਦੇ ਅਧਾਰ) ਤੇ ਹੋਈ ਸੀ। ਸੀਨੀਅਰ ਕਰਮਚਾਰਨ ਸ੍ਰੀਮਤੀ ਸੁਮਨ ਰਾਣੀ, ਹਿੰਦੀ ਮਿਸਟ੍ਰੈਸ ਨੂੰ 4 ਸਾਲਾ ਏ.ਸੀ.ਪੀ. ਦਾ ਲਾਭ 22.12.2010 ਵਿੱਚ ਗ੍ਰੇਡ ਰਿਵੀਜ਼ਨ ਤੋਂ ਪਹਿਲਾਂ ਮਿਲਣ ਕਾਰਨ ਉਸਦੀ ਤਨਖਾਹ 13150+ 3800= 16590 ਤੇ ਫਿਕਸ ਹੋਈ, ਜਦੋਂ ਕਿ ਜੂਨੀਅਰ ਕਰਮਚਾਰੀ ਸ੍ਰੀ ਰਘਵਿੰਦਰ ਭਾਟੀਆ ਡੀ.ਪੀ.ਈ. ਨੂੰ 4 ਸਾਲਾ ਏ.ਸੀ.ਪੀ. ਦਾ ਲਾਭ ਮਿਤੀ 10.03.2012 ਨੂੰ ਗਰੇਡ ਰੀਵਾਇਜ਼ ਮਿਲਣ ਤੋਂ ਬਾਅਦ ਉਸਦੀ ਤਨਖਾਹ 14010+ 5000= 19010 ਤੇ ਫਿਕਸ ਹੋਈ ਜਿਸ ਕਾਰਨ ਸੀਨੀਅਰ ਜੂਨੀਅਰ ਦੀ ਅਨਾਮਲੀ ਪੈਦਾ ਹੋਈ। ਸੀਨੀਅਰ ਕਰਮਚਾਰਨ ਸ੍ਰੀਮਤੀ ਸੁਮਨ ਰਾਣੀ ਵੱਲੋਂ ਉਸਤੋਂ ਜੂਨੀਅਰ ਕਰਮਚਾਰੀ ਸ੍ਰੀ ਉਮੇਸ਼ ਕੁਮਾਰ ਐਸ.ਐਸ.ਮਾਸਟਰ ਦੇ ਬਰਾਬਰ ਕਰਕੇ ਬਣਦੇ ਲਾਭ ਦਿੱਤੇ ਜਾਣ।

3. ਕਰਮਚਾਰੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ. | ਕਰਮਚਾਰੀ ਦਾ ਨਾਂ | ਬਤੌਰ ਮਾਸਟਰ ਕਾਡਰ ਨਿਯੁਕਤੀ | ਸੀਨੀਆਰਤਾ ਨੰਬਰ |
|---|---|---|---|
| 1. | ਸ੍ਰੀਮਤੀ ਸੁਮਨ ਰਾਣੀ (ਹਿੰਦੀ ਮਿਸਟ੍ਰੈਸ) | 2006 (ਸਿੱਧੀ ਭਰਤੀ) | 31740 |
| 2. | ਸ੍ਰੀ ਰਘਵਿੰਦਰ ਭਾਟੀਆ, ( ਡੀ.ਪੀ.ਈ.) | 2009 (ਤਰਸ ਦੇ ਆਧਾਰ ਤੇ ਨਿਯੁਕਤੀ) | 33561 |

4. ਬਿਨੈਕਾਰ ਦੇ ਕਲੇਮ ਦਾ ਨਿਪਟਾਰਾ ਕਰਨ ਦੇ ਮੰਤਵ ਲਈ ਸਮੀ ਕਰਤਾ ਵੱਲੋਂ ਇਸ ਮਾਮਲੇ ਦੇ ਤੱਥਾਂ ਨੂੰ ਸਰਕਾਰੀ ਰਿਕਾਰਡ ਦੀ ਰੋਸ਼ਨੀ ਵਿੱਚ ਘੋਖਿਆ ਤੇ ਵਿਚਾਰਿਆ ਗਿਆ ਹੈ। ਇਹ ਗੱਲ ਰਿਕਾਰਡ ਤੇ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 185/14 ਸਵੀਟੀ ਬਡਵਾਲ ਅਤੇ ਹੋਰ ਬਨਾਮ ਪੰਜਾਬ ਸਰਕਾਰ ਵਿੱਚ ਵਿਭਾਗ ਦੀ ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਸੂਚੀ ਖਾਰਜ ਕਰਦੇ ਹੋਏ ਕਾਮਨ ਸੀਨੀਆਰਤਾ ਬੇਚ ਵਾਇਜ਼ ਜਾਰੀ ਕਰਨ ਦੇ ਆਦੇਸ਼ ਕੀਤੇ ਗਏ ਸਨ। ਜਿਸ ਅਨੁਸਾਰ ਵਿਭਾਗ ਵੱਲੋਂ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਮਿਤੀ 19.06.2019 ਨੂੰ ਜਾਰੀ ਕੀਤੀ ਗਈ ਸੀ, ਪ੍ਰੰਤੂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 28434/19 ਹਰਭਜਨ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਵਿੱਚ ਅੰਤਰਿਮ ਹੁਕਮ ਮਿਤੀ 01.10.2019 ਰਾਹੀਂ ਉਕਤ ਸੀਨੀਆਰਤਾ ਦੇ ਅਸਰ ਤੇ ਰੋਕ ਲਗਾ ਦਿੱਤੀ ਗਈ ਸੀ।

5. ਭਾਵੇ ਕਿ ਇਸ ਵਿਸ਼ੇ ਤੇ ਪੈਡਿੰਗ ਰਿੱਟ ਪਟੀਸ਼ਨਾਂ ਦੀ ਮਿਤੀ 29.01.2021 ਨੂੰ ਹੋਈ ਸੁਣਵਾਈ ਸਮੇਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਦੇ ਅਸਰ ਤੇ ਲਗਾਈ ਗਈ ਰੋਕ, ਪੱਦਉਨਤੀ ਕਰਨ ਦੇ ਸੀਮਤ ਮੰਤਵਾਂ ਲਈ, ਕੁੱਝ ਸ਼ਰਤਾਂ ਤਹਿਤ ਹਟਾ ਲਈ ਗਈ ਹੈ, ਪ੍ਰੰਤੂ ਫਿਰ ਵੀ ਇਹ ਅਨਿਸਚਤਤਾ ਬਣੀ ਹੋਈ ਹੈ ਕਿ ਅੰਤਿਮ ਤੌਰ ਤੇ ਸੀਨੀਆਰਤਾ ਤਿਆਰ ਕਰਨ ਦੇ ਕਿਸ ਢੰਗ ਨੂੰ ਮਾਨਯੋਗ ਹਾਈਕੋਰਟ ਵੱਲੋਂ ਪ੍ਰਵਾਨ ਕੀਤਾ ਜਾਂਦਾ ਹੈ।

6. ਪ੍ਰੰਤੂ ਇਹ ਤੱਥ ਵੀ ਮੰਨਣਯੋਗ ਹੈ ਕਿ ਮਾਸਟਰਾਂ/ ਮਿਸਟ੍ਰੈਸਾਂ ਦੀ ਸੀਨੀਆਰਤਾ ਤਿਆਰ ਕਰਨ ਲਈ ਭਾਵੇ ਕਿਸੇ ਵੀ ਸਿਧਾਂਤ ਨੂੰ ਪ੍ਰਵਾਨ ਕਰ ਲਿਆ ਜਾਵੇ, ਕਿਸੇ ਵੀ ਇੱਕ ਖਾਸ ਵਿਸ਼ੇ ਅਤੇ ਇੱਕੋ ਹੀ ਲਿੰਗ ਦੇ ਪਹਿਲਾਂ ਨਿਯੁਕਤ ਹੋਏ ਅਧਿਆਪਕ ਉਸੇ ਹੀ ਵਿਸ਼ੇ ਅਤੇ ਲਿੰਗ ਦੇ ਬਾਅਦ ਵਿੱਚ ਨਿਯੁਕਤ ਹੋਏ ਅਧਿਆਪਕ ਤੋਂ ਸੀਨੀਅਰ ਹੀ ਰਹਿਣਗੇ।

Scanned with CamScanner

7. ਪੈਂਡਿੰਗ ਲਿਟੀਗੇਸ਼ਨ ਦੇ ਚਲਦੇ ਹਾਲ ਦੀ ਘੜੀ ਕੇਵਲ ਇਸੇ ਸਿਧਾਂਤ ਦੇ ਅਧਾਰ ਤੇ ਸੀਨੀਅਰ ਜੂਨੀਅਰ ਦੇ ਲਾਭ ਦੇਣ ਜਾਂ ਨਾ ਦੇਣ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

8. ਇਸ ਸਿਧਾਂਤ ਦੇ ਅਧਾਰ ਤੇ ਬੇਨਤੀਕਾਰ ਦੀ ਤਨਖਾਹ ਉਹਨਾਂ ਨਾਲੋ ਕਥਿਤ ਜੂਨੀਅਰ ਕਰਮਚਾਰੀ ਦੇ ਬਰਾਬਰ ਕਰਨ ਦੇ ਕੇਸ ਨੂੰ ਵਿਚਾਰਿਆ ਗਿਆ ਹੈ। ਬੇਨਤੀਕਾਰ ਸੁਮਨ ਰਾਣੀ ਇਸਤਰੀ ਲਿੰਗ ਨਾਲ ਸੰਬੰਧਤ ਹੈ ਜਦਕਿ ਉਹ ਆਪਣੀ ਤਨਖਾਹ ਆਪਣੇ ਨਾਲੋਂ ਜੂਨੀਅਰ ਕਰਮਚਾਰੀ, ਸ੍ਰੀ ਰਘਵਿੰਦਰ ਭਾਟੀਆ ਜੋ ਕਿ ਡੀ.ਪੀ.ਈ. ਹੈ, ਅਤੇ ਪੁਰਸ਼ ਲਿੰਗ ਨਾਲ ਸੰਬੰਧਤ ਹੈ, ਨਾਲ ਬਰਾਬਰ ਕਰਵਾਉਣੀ ਚਾਹੁੰਦੀ ਹੈ। ਮਿਸਟ੍ਰੈਸ ਅਤੇ ਮਾਸਟਰ ਦੀ ਸੀਨੀਆਰਤਾ ਸਬੰਧੀ ਅਨਿਸਚਿਤਤਾ ਦੀ ਸਥਿਤੀ ਕਾਰਨ ਇਸ ਸਟੇਜ਼ ਤੇ ਇਹ ਨਹੀਂ ਮੰਨਿਆ ਜਾ ਸਕਦਾ ਕਿ ਉਕਤ ਕਰਮਚਾਰੀ ਸੀਨੀਆਰਤਾ ਨਿਸਚਿਤ ਕਰਨ ਦੇ ਅੰਤਿਮ ਪੜਾਅ ਤੇ ਪਟੀਸ਼ਨਰਾਂ ਨਾਲੋ ਜਰੂਰੀ ਤੌਰ ਤੇ ਜੂਨੀਅਰ ਹੋਵੇਗਾ ਜਾਂ ਪਟੀਸ਼ਨਰ ਉਸ ਨਾਲੋ ਯਕੀਨੀ ਤੌਰ ਤੇ ਸੀਨੀਅਰ ਬਣ ਜਾਣਗੇ। ਜੇਕਰ ਪਟੀਸ਼ਨਰਾਂ ਦੀ ਇਸ ਸਟੇਜ਼ ਤੇ ਉਕਤ ਕਰਮਚਾਰੀ ਨੂੰ ਉਹਨਾ ਨਾਲੋਂ ਜੂਨੀਅਰ ਮੰਨਦੇ ਹੋਏ ਇਸ ਅਨਿਸਚਿਤਤਾ ਦੀ ਸਥਿਤੀ ਵਿੱਚ ਤਨਖਾਹ ਬਰਾਬਰ ਕੀਤੀ ਜਾਂਦੀ ਹੈ ਤਾਂ ਅਜਿਹੇ ਵਿੱਤੀ ਲਾਭ ਨੂੰ ਰਿਕਵਰ ਕਰਨ ਵਿੱਚ ਵਿਭਾਗ ਨੂੰ ਕਾਫੀ ਦਿੱਕਤਾਂ ਆਉਣ ਦੀ ਸੰਭਾਵਨਾ ਹੈ। ਹਾਂ, ਜੇਕਰ ਸੀਨੀਆਰਤਾ ਫਾਈਨਲ ਕਰਨ ਦੀ ਸਟੇਜ਼ ਤੇ ਉਕਤ ਕਰਮਚਾਰੀ ਪਟੀਸ਼ਨਰਾਂ ਨਾਲੋਂ ਜੂਨੀਅਰ ਸਥਿਤੀ ਵਿੱਚ ਰਹਿੰਦਾ ਹੈ ਤਾਂ ਪਟੀਸ਼ਨਰਾਂ ਦੀ ਤਨਖਾਹ ਪਿਛਲੀ ਮਿਤੀ ਤੋਂ ਉਸਦੇ ਜੂਨੀਅਰ ਕਰਮਚਾਰੀ ਦੇ ਬਰਾਬਰ ਕਰਨ ਦਾ ਮਾਮਲਾ ਖੁੱਲਾ ਰਹੇਗਾ।

9. ਉਪਰੋਕਤ ਕਾਰਨਾਂ ਕਰਕੇ ਬੇਨਤੀਕਾਰ ਸ੍ਰੀਮਤੀ ਸੁਮਨ ਰਾਣੀ ਹਿੰਦੀ ਮਿਸਟ੍ਰੈਸ ਵੱਲੋਂ ਉਸ ਦੀ ਤਨਖਾਹ ਉਸ ਨਾਲੋਂ ਕਥਿਤ ਜੂਨੀਅਰ ਕਰਮਚਾਰੀ ਸ੍ਰੀ ਰਘਵਿੰਦਰ ਭਾਟੀਆ ਦੇ ਬਰਾਬਰ ਕਰਨ ਦਾ ਕਲੇਮ ਹਾਲ ਦੀ ਘੜੀ ਰੱਦ ਕੀਤਾ ਜਾਂਦਾ ਹੈ, ਕਿਉਂ ਜੋ ਬੇਨਤੀਕਾਰ ਕਰਮਚਾਰਨ ਸ੍ਰੀਮਤੀ ਸੁਮਨ ਰਾਣੀ ਮਾਸਟਰ ਕਾਡਰ ਵਿੱਚ ਹਿੰਦੀ ਵਿਸ਼ੇ ਨਾਲ ਸੰਬੰਧਤ ਹੈ ਅਤੇ ਉਹ ਜਿਸ ਜੂਨੀਅਰ ਕਰਮਚਾਰੀ ਸ੍ਰੀ ਰਘਵਿੰਦਰ ਭਾਟੀਆ ਨਾਲ ਪੇਅ ਅਨਾਮਲੀ ਦੀ ਤੁਲਨਾ ਕਰ ਰਹੀ ਹੈ ਉਹ ਮਾਸਟਰ ਕਾਡਰ ਵਿੱਚ ਡੀ.ਪੀ.ਈ. ਵਿਸ਼ੇ ਨਾਲ ਸੰਬੰਧਤ ਹੈ। ਪਰੰਤੂ ਮਾਸਟਰ/ਮਿਸਟ੍ਰੈਸਾਂ ਦੀ ਸੀਨੀਆਰਤਾ ਅੰਤਮ ਤੌਰ ਤੇ ਫਾਈਨਲ ਹੋਣ ਉਪਰੰਤ ਜੇਕਰ ਇਨ੍ਹਾਂ ਹੁਕਮਾਂ ਤੇ ਸਮੀਖਿਆ ਕਰਨ ਦੀ ਲੋੜ ਪਾਈ ਗਈ ਤਾਂ ਇਹ ਹੁਕਮ ਸਮੀਖਿਆ ਕਰਨ ਯੋਗ ਹੋਣਗੇ।

ਸੁਖਜੀਤ ਪਾਲ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ।

ਪਿੱਠ ਅੰਕਣ ਨੰ: --ਉਕਤ--/2021/38135-36 ਮਿਤੀ: ਐਸ.ਏ.ਐਸ ਨਗਰ - 26.04.2021

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਮਾਨਸਾ।
2. ਸਬੰਧਤ ਕਰਮਚਾਰਨ।

26/04/2021
ਸਹਾਇਕ ਡਾਇਰੈਕਟਰ (ਸ਼.ਪ੍ਰ-2)

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿੱ:) - ਮਾਨਸਾ।
ਪਿੱਠ ਅੰਕਣ ਨੰ: ਸਅ-1/1(...)2020-21/ਸ਼ਿਕਾਇਤ-ਬ੍ਰਾਂਚ/2021/45194
ਮਿਤੀ ਮਾਨਸਾ 03-05-2021
ਉਤਾਰਾ ਪ੍ਰਿੰਸੀਪਲ ਸਰਕਾਰੀ ਸੈਕੰਡਰੀ ਸਕੂਲ ਕੋਟੜਾ ਕਲਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

03/05/2021
ਜ਼ਿਲ੍ਹਾ ਸਿੱਖਿਆ ਅਫ਼ਸਰ (ਸ)
ਮਾਨਸਾ।
ਜਗਦੀਪ ਸਿੰਘ

Scanned with CamScanner